**ਇਹ ਤੱਥ ਪੱਤਰ ਸਿਰਫ ਮਾਡੇਰਾ, ਨਾਪਾ, ਨੇਵਾਡਾ, ਸੈਨ ਮੈਟਿਓ ਅਤੇ ਸੈਕਰਾਮੈਂਟੋ ਕਾਊਂਟੀਆਂ ਲਈ ਹੈ।**

**ਜਾਣੋ ਆਪਣੇ**

# ਵੋਟਿੰਗ ਅਧਿਕਾਰ

### ਕੀ ਮੈਂ ਇਸ ਚੋਣਾਂ ਵਿੱਚ ਵੋਟ ਪਾ ਸਕਦਾ ਹਾਂ? ਮੈਂ ਸ਼ੁਰੂਆਤ ਕਿੱਥੋਂ ਕਰਾਂ?

ਕਿਸੇ ਚੋਣ ਵਿੱਚ ਵੋਟ ਪਾਉਣ ਲਈ, ਤੁਹਾਨੂੰ ਪਹਿਲਾਂ ਵੋਟ ਪਾਉਣ ਲਈ "ਰਜਿਸਟਰ" ਕਰਨਾ ਚਾਹੀਦਾ ਹੈ।

ਤੁਸੀਂ ਰਜਿਸਟਰ ਕਰ ਸਕਦੇ ਹੋ ਜੇ ਤੁਸੀਂ:

- ਇੱਕ ਅਮਰੀਕੀ ਨਾਗਰਿਕ ਹੋ;
- ਕੈਲੀਫੋਰਨੀਆ ਦੇ ਨਿਵਾਸੀ ਹੋ;
- ਚੋਣਾਂ ਵਾਲੇ ਦਿਨ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋ ਜਾਉਗੇ;
- ਇਸ ਵੇਲੇ ਕਿਸੇ ਕੈਦ ਜਾਂ ਪੈਰੋਲ 'ਤੇ ਨਹੀਂ ਹੋ, ਜਾਂ ਕਿਸੇ ਗੰਭੀਰ ਅਪਰਾਧ ਦੀ ਸਜ਼ਾ ਤਾਂ ਨਹੀਂ ਭੁਗਤ ਰਹੇ ; ਅਤੇ
- ਕਿਸੇ ਅਦਾਲਤ ਦੁਆਰਾ ਮਾਨਸਿਕ ਤੌਰ 'ਤੇ ਅਯੋਗ ਨਹੀਂ ਪਾਏ ਗਏ ਹੋ

### ਮੈਂ ਵੋਟ ਪਾਉਣ ਲਈ ਕਿਵੇਂ ਰਜਿਸਟਰ ਕਰ ਸਕਦੇ ਹੋ?

ਵੋਟ ਪਾਉਣ ਲਈ ਰਜਿਸਟਰ ਹੋਣ ਦੀ ਸਮਾਂ ਸੀਮਾ ਚੋਣਾਂ ਤੋਂ 15 ਦਿਨ ਪਹਿਲਾਂ ਦੀ ਹੈ: ਅਕਤੂਬਰ 22, 2018

ਤੁਸੀਂ ਰਜਿਸਟਰ ਕਰ ਸਕਦੇ ਹੋ:

- ਔਨਲਾਈਨ www.registertovote.ca.gov ਤੇ;
- ਡੀਐਮਵੀ, ਪੋਸਟ ਆਫਿਸ, ਲਾਇਬਰੇਰੀ, ਜਾਂ ਤੁਹਾਡੀ ਕਾਉਂਟੀ ਦੇ ਚੋਣ ਦਫਤਰ ਵਿਖੇ; ਜਾਂ
- ਵੋਟਰ ਰਜਿਸਟ੍ਰੇਸ਼ਨ ਫਾਰਮ ਲਈ 800-345-VOTE (8683) 'ਤੇ ਕਾਲ ਕਰਕੇ

### ਜੇ ਵੋਟਰ ਰਜਿਸਟਰੇਸ਼ਨ ਦੀ ਆਖਰੀ ਤਾਰੀਖ ਲੰਘ ਜਾਵੇ ?

ਜੇ ਤੁਸੀਂ ਵੋਟਰ ਰਜਿਸਟਰੇਸ਼ਨ ਦੀ ਆਖਰੀ ਤਾਰੀਖ 22 ਅਕਤੂਬਰ 2018 ਲੰਘਾ ਦਿੰਦੇ ਹੋ, ਤੁਸੀਂ "ਕੰਡੀਸ਼ਨਲ ਵੋਟਰ ਰਜਿਸਟਰੇਸ਼ਨ (ਸੀਵੀਆਰ )" ਦੁਆਰਾ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ, ਜੋ ਤੁਹਾਨੂੰ ਆਖਰੀ ਤਾਰੀਖ ਤੋਂ ਬਾਅਦ ਵੀ ਇੱਕੋ ਸਮੇਂ ਰਜਿਸਟਰ ਅਤੇ ਵੋਟ ਪਾਉਣ ਦੀ ਇਜਾਜ਼ਤ ਦਿੰਦਾ ਹੈ। ਆਪਣੀ ਕਾਉਂਟੀ ਵਿੱਚ ਕਿਸੇ ਵੀ ਵੋਟ ਕੇਂਦਰ ਵਿੱਚ ਜਾਉ, ਵੋਟ ਪਾਉਣ ਲਈ ਰਜਿਸਟਰ ਹੋਵੋ, ਅਤੇ ਫਿਰ ਵੋਟ ਪਾਉ।

## ਕੈਲੀਫੋਰਨੀਆ 2018

ਆਮ ਚੋਣਾਂ

**ਮੰਗਲਵਾਰ, 6 ਨਵੰਬਰ, 2018**

ਵੋਟਰ ਰਜਿਸਟਰੇਸ਼ਨ ਦੀ ਆਖ਼ਰੀ ਤਾਰੀਖ

**ਸੋਮਵਾਰ, 22 ਅਕਤੂਬਰ, 2018**

### ਜੇ ਮੈਂ ਨਹੀਂ ਜਾਣਦਾ ਕਿ ਮੈਂ ਵੋਟ ਪਾਉਣ ਲਈ ਪਹਿਲਾਂ ਰਜਿਸਟਰਡ ਹਾਂ ਕਿ ਨਹੀਂ ?

ਤੁਸੀਂ ਇਹ ਵੇਖਣ ਲਈ ਕਿ ਰਜਿਸਟਰ ਹੋ ਕਿ ਨਹੀਂ ਔਨਲਾਈਨ https://voterstatus.sos.ca.gov 'ਤੇ ਚੈੱਕ ਕਰ ਸਕਦੇ ਹੋ। ਜੇ ਤੁਹਾਨੂੰ ਯਕੀਨ ਨਹੀਂ ਹੈ ਤਾਂ ਤੁਸੀਂ ਹਮੇਸ਼ਾ ਦੁਬਾਰਾ ਰਜਿਸਟਰ ਕਰ ਸਕਦੇ ਹੋ। ਜੇਕਰ ਤੁਹਾਡਾ ਨਾਂ ਜਾਂ ਪਤਾ ਬਦਲ ਗਿਆ ਹੈ ਤਾਂ ਤੁਹਾਨੂੰ ਵੋਟ ਪਾਉਣ ਲਈ ਦੁਬਾਰਾ ਰਜਿਸਟਰ ਕਰਾਉਣਾ ਪਵੇਗਾ।

### ਕੀ ਮੈਨੂੰ ਸਿਆਸੀ ਪਾਰਟੀ ਦੀ ਚੋਣ ਕਰਨੀ ਪਵੇਗੀ ?

ਨਹੀਂ, ਜੇ ਤੁਸੀਂ ਇੱਕ ਆਜ਼ਾਦ ਵੋਟਰ ਵਜੋਂ ਚਾਹੁੰਦੇ ਹੋ ਤਾਂ ਤੁਸੀਂ "ਕੋਈ ਪਾਰਟੀ ਪਸੰਦ ਨਹੀਂ" ਨਾਲ ਰਜਿਸਟਰ ਕਰ ਸਕਦੇ ਹੋ ਜਾਂ ਉਸ ਹਿੱਸੇ ਨੂੰ ਖਾਲੀ ਛੱਡ ਸਕਦੇ ਹੋ। ਧਿਆਨ ਰੱਖੋ: ਅਮਰੀਕੀ ਇੰਡਿਪੈਂਡੈਂਟ ਪਾਰਟੀ ਨਾਲ ਰਜਿਸਟਰ ਕਰਨਾ ਇੱਕ ਆਜ਼ਾਦ ਵੋਟਰ ਦੇ ਤੌਰ 'ਤੇ ਰਜਿਸਟਰ ਕਰਾਉਣ ਦੇ ਬਰਾਬਰ ਨਹੀਂ ਹੈ।

## ਵੋਟਿੰਗ ਤੁਹਾਡੀ ਕਾਉਂਟੀ ਵਿੱਚ ਸੌਖੀ ਹੋ ਰਹੀ ਹੈ?

ਪੰਜ ਕਾਉਂਟੀਆਂ (ਮਾਦੇਰਾ, ਨਾਪਾ, ਨੇਵਾਡਾ, ਸਨ ਮੈਟਿਓ ਅਤੇ ਸੈਕਰਾਮੈਂਟੋ) ਵੋਟਿੰਗ ਆਸਾਨ ਬਣਾਉਣ ਲਈ ਇੱਕ ਨਵੀਂ ਵੋਟਿੰਗ ਪ੍ਰਣਾਲੀ ਲਾਗੂ ਕਰ ਰਹੀਆਂ ਹਨ। ਸਾਰੇ ਰਵਾਇਤੀ ਪੋਲਿੰਗ ਸਥਾਨਾਂ ਨੂੰ "ਵੋਟ ਕੇਂਦਰਾਂ" ਵਿਚ ਬਦਲਿਆ ਜਾ ਰਿਹਾ ਹੈ ਜਿਹੜੇ ਫੁੱਲ-ਸਰਵਿਸ ਪੋਲਿੰਗ ਸਥਾਨ ਦੀ ਤਰ੍ਹਾਂ ਹਨ, ਭਾਵ ਇੱਥੇ ਵੋਟਰਾਂ ਲਈ ਹਰ ਤਰ੍ਹਾਂ ਦੀ ਸੁਵਿਧਾ ਉਪਬਧ ਹੋਵੇਗੀ। ਅਗਰ ਤੁਸੀਂ ਇਹਨਾਂ ਵਿਚੋਂ ਕਿਸੇ ਕਾਉਂਟੀ ਵਿੱਚ ਵੀ ਰਜਿਸਟਰਡ ਵੋਟਰ ਹੋ ਤਾਂ ਤੁਹਾਨੂੰ ਆਪਣੇ ਆਪ ਹੀ ਡਾਕ ਰਾਹੀਂ ਬੈਲਟ ਪੇਪਰ ਆ ਜਾਵੇਗਾ।

ਵੋਟ ਪਾਉਣ ਲਈ ਤੁਹਾਡੇ ਕੋਲ ਬਹੁਤ ਸਾਰੇ ਤਰੀਕੇ ਹਨ:

1. ਡਾਕ ਰਾਹ ਆਪਣੇ ਬੈਲਟ ਨੂੰ ਵਾਪਸ ਕਰੋ
2. ਕਾਉਂਟੀਆਂ ਵਿੱਚ ਸਥਿਤ ਬਹੁਤ ਸਾਰੇ ਬੈਲਟ ਡ੍ਰੌਪ ਬਕਸਿਆਂ" ਵਿੱਚ ਬਿਨਾਂ ਡਾਕ ਟਿਕਟ ਪਾ ਸਕਦੇ ਹੋ
3. ਕਿਸੇ ਵੀ "ਵੋਟ ਕੇਂਦਰ" ਵਿੱਚ ਵਿਅਕਤੀਗਤ ਤੌਰ ਤੇ ਵੋਟ ਪਾ ਸਕਦੇ ਹੋ।

ASIAN AMERICANS ADVANCING JUSTICE CALIFORNIA

**ਸਹਾਇਤਾ ਲਈ ਕੈਲੀਫੋਰਨੀਆ ਦੇ ਮੁੱਖ ਚੋਣ ਅਫਸਰਾਂ ਨੂੰ ਕਾਲ ਕਰਨ ਲਈ ਨੰਬਰ: 800-345-VOTE (8683).**

## ਇਹ ਤੱਥ ਪੱਤਰ ਸਿਰਫ ਮਾਡੇਰਾ, ਨਾਪਾ, ਨੇਵਾਡਾ, ਸੈਨ ਮੈਟਿਓ ਅਤੇ ਸੈਕਰਾਮੈਂਟੋ ਕਾਊਂਟੀਆਂ ਲਈ ਹੈ ।

### ਵੋਟ ਕੇਂਦਰ (ਸੈਂਟਰ) ਕੀ ਲਾਭ ਪ੍ਰਦਾਨ ਕਰਦੇ ਹਨ?

• ਤੁਸੀਂ ਨਾ ਸਿਰਫ ਘਰ ਦੇ ਸਭ ਤੋਂ ਨੇੜੇ ਬਲਕਿ ਕਾਉਂਟੀ ਦੇ ਕਿਸੇ ਵੀ ਵੋਟ ਕੇਂਦਰ ਤੇ ਵੋਟ ਪਾ ਸਕਦੇ ਹੋ,

• ਤੁਸੀਂ ਚੋਣ ਦਿਨ ਤੋਂ 3 ਤੋਂ 28 ਦਿਨ ਪਹਿਲਾਂ ਵੀ ਵੋਟ ਪਾ ਸਕਦੇ ਹੋ - ਵੋਟ ਕੇਂਦਰ ਇਹਨਾਂ ਦਿਨਾਂ ਖੁੱਲ੍ਹੇ ਹੁੰਦੇ ਹਨ

• ਵੋਟਰ ਰੇਜਿਸਟ੍ਰੇਸ਼ਨ ਦੀ ਆਖਰੀ ਤਾਰੀਖ ਲੰਘਣ ਤੋਂ ਬਾਅਦ ਵੀ ਤੁਸੀਂ ਵੋਟਾਂ ਵਾਲੇ ਦਿਨ ਜਾਂ ਉਸ ਤੋਂ ਪਹਿਲਾਂ ਕਿਸੇ ਵੀ ਦਿਨ ਰਜਿਸਟਰ ਹੋ ਕੇ ਉਸੇ ਦਿਨ ਵੋਟ ਪਾ ਸਕਦੇ ਹੋ

• ਤੁਸੀਂ ਹਰ ਵੋਟ ਸੈਂਟਰ 'ਤੇ ਉਪਲਬਧ ਸੇਵਾਵਾਂ ਜਿਵੇਂ ਕੇ ਵੋਟਿੰਗ ਮਸ਼ੀਨਾਂ ਅਤੇ ਆਪਣੀ ਭਾਸ਼ਾ ਵਾਲੇ ਦੋਭਾਸ਼ੀਏ ਦੀ ਵਰਤੋਂ ਕਰ ਸਕਦੇ ਹੋ

### ਮੇਰੀ ਵੋਟ ਪਾਉਣ ਲਈ ਆਖਰੀ ਸਮਾਂ ਕੀ ਹੈ?

ਜੇ ਤੁਸੀਂ ਆਪਣਾ ਵੋਟ ਡਾਕ ਰਾਹੀਂ ਕਰਦੇ  ਹੋ, ਤਾਂ ਇਹ ਚੋਣ ਦੇ ਦਿਨ ਤੱਕ ਪੋਸਟਮਾਰਕ ਹੋ ਜਾਣਾ ਚਾਹੀਦਾ ਹੈ । ਤੁਸੀਂ ਚੋਣ ਵਾਲੇ ਦਿਨ ਵੀ 8 ਵਜੇ ਤੋਂ ਪਹਿਲਾਂ ਆਪਣੀ ਕਾਊਂਟੀ ਵਿੱਚ ਕਿਸੇ ਵੀ ਵੋਟ ਕੇਂਦਰ ਜਾਂ ਡ੍ਰੌਪ ਬਾਕਸ ਵਿੱਚ ਆਪਣਾ ਬੈਲਟ ਪਾ ਸਕਦੇ ਹੋ । ਅਪਣੇ  ਵੋਟ-ਬਾਈ -ਮੇਲ 'ਤੇ ਹਸਤਾਖਰ ਕਰਨਾ ਅਤੇ ਤਾਰੀਖ ਲਿਖਣਾ ਯਾਦ ਰੱਖੋ ਤਾਂਕਿ ਇਸ ਨੂੰ ਗਿਣਤੀ ਵਿਚ ਸ਼ਾਮਿਲ ਕੀਤਾ ਜਾ ਸਕੇ । ਜੇ ਤੁਸੀਂ ਆਪਣਾ ਵੋਟ-ਬਾਈ -ਮੇਲ ਬੈਲਟ ਨਹੀਂ ਲੱਭ ਸਕਦੇ ਜਾਂ ਵਿਅਕਤੀਗਤ ਤੌਰ 'ਤੇ ਵੋਟਿੰਗ ਨੂੰ ਤਰਜੀਹ ਦਿੰਦੇ ਹੋ ਤਾਂ ਵੋਟ ਕੇਂਦਰ ਵਿਖੇ ਜਾ ਕੇ ਵੋਟ ਪਾਉ  ।

### ਮੈਂ ਵੋਟ ਕੇਂਦਰ 'ਤੇ ਵੋਟ ਕਿਵੇਂ ਪਾਵਾਂ?

ਤੁਸੀਂ ਆਪਣੀ ਕਾਊਂਟੀ ਦੇ ਕਿਸੇ ਵੀ ਵੋਟ ਕੇਂਦਰ 'ਤੇ ਵੋਟ ਦੇ ਸਕਦੇ ਹੋ । ਤੁਹਾਨੂੰ ਵੋਟ ਕੇਂਦਰ ਦੀ ਥਾਂ ਅਤੇ ਵਕਤ ਬਾਰੇ ਜਾਣਕਾਰੀ ਡਾਕ ਰਾਹੀਂ ਪ੍ਰਾਪਤ ਹੋਵੇਗੀ ਜਾਂ ਤੁਸੀਂ ਆਪਣੀ ਕਾਉਂਟੀ ਦੇ ਚੋਣਾਂ ਸੰਬੰਧੀ ਵੈਬਸਾਈਟ: www.sos.ca.gov/county-elections-offices ਤੇ ਚੈੱਕ ਕਰ ਸਕਦੇ ਹੋ । ਵੋਟ ਕੇਂਦਰ ਵਿੱਚ ਜਾਉ, ਮੇਨ ਟੇਬਲ ਲੱਭੋ, ਅਤੇ ਸਟਾਫ (ਜਿਸ ਨੂੰ "ਪੋਲ ਵਰਕਰ" ਕਹਿੰਦੇ ਹਨ) ਅਪਣਾ ਨਾਮ ਅਤੇ ਪਤਾ ਦੱਸੋ । ਪੋਲ ਵਰਕਰ ਨੂੰ ਪੁੱਛੋ ਕਿ ਕੀ ਤੁਹਾਡੀ ਪਸੰਦੀਦਾ ਭਾਸ਼ਾ ਵਿੱਚ ਬੈਲਟ ਉਪਲਬਧ ਹੈ ਕਿ ਨਹੀਂ ।

### ਕੀ ਵੋਟਿੰਗ ਕਰਨ ਵੇਲੇ ਮੈਨੂੰ ਆਪਣਾ ਪਛਾਣ ਪੱਤਰ  ਦਿਖਾਉਣ ਦੀ ਜ਼ਰੂਰਤ ਹੈ ?

ਤੁਹਾਨੂੰ ਸਿਰਫ ਕੈਲੀਫੋਰਨੀਆ ਵਿਚ ਵੋਟ ਪਾਉਣ ਤੋਂ ਪਹਿਲਾਂ ਪਛਾਣ ਪੱਤਰ ਦਿਖਾਉਣ ਦੀ ਲੋੜ ਹੈ ਅਗਰ ਤੁਸੀਂ ਇਹ ਪਛਾਣ ਪੱਤਰ ਰਜਿਸਟ੍ਰੇਸ਼ਨ ਕਰਵਾਉਣ ਵੇਲੇ ਨਹੀਂ ਦਿੱਤੇ । ਰਜਿਸਟਰ ਕਰਨ ਵੇਲੇ ਬਹੁਤ ਸਾਰੇ ਦਸਤਾਵੇਜ਼ ਪਛਾਣ ਲਈ ਕਾਫ਼ੀ ਹੋਣਗੇ । ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਤੁਸੀਂ ਪਹਿਲੇ ਹੀ ਆਪਣੀ ਚੋਣ ਦਫਤਰ ਨੂੰ ਕਾਲ ਕਰੋ ।

### ਕੀ ਮੈਂ ਵੋਟ ਪਾਉਣ ਲਈ ਕਿਸੇ ਨੂੰ ਨਾਲ ਲਿਆ ਸਕਦਾ ਹਾਂ ?

ਹਾਂ, ਕੈਲੀਫੋਰਨੀਆ ਦਾ ਕਾਨੂੰਨ ਤੁਹਾਨੂੰ ਇਸ ਦੀ ਇਜਾਜ਼ਤ  ਦਿੰਦਾ ਹੈ ਕਿ ਤੁਸੀਂ ਵੋਟ ਪਾਉਣ ਵੇਲੇ ਮਦਦ ਕਰਨ ਲਈ ਵੱਧ ਤੋਂ ਵੱਧ ਦੋ ਵਿਅਕਤੀਆਂ ਨੂੰ ਨਾਲ ਲਿਆ ਸਕਦੇ ਹੋ, ਜਿੰਨਾ ਚਿਰ ਉਹ ਤੁਹਾਡੇ ਕੰਮ ਨਾਲ ਸੰਬੰਧਿਤ ਨਾ ਹੋਣ ਜਾਂ ਤੁਹਾਡੀ ਯੂਨੀਅਨ ਦੀ ਨੁਮਾਇੰਦਗੀ ਨਹੀਂ ਕਰਦੇ ਹੋਣ । ਕੋਸ਼ਿਸ਼ ਕਰੋ ਕਿ ਮਦਦ ਲਈ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਨਾਲ ਲਿਆਉ ।

### ਜੇ ਮੈਨੂੰ ਵੋਟ ਸੈਂਟਰ 'ਤੇ ਕੋਈ ਸਮੱਸਿਆ ਆਵੇ ਤਾਂ ਕੀ ਕਰਨਾ ਚਾਹੀਦਾ ਹੈ ?

ਕਦੀ ਹੌਂਸਲਾ ਨਾ ਛੱਡੋ ! ਜੇ ਚੋਣ ਕਰਮਚਾਰੀ ਕੋਈ ਸਮੱਸਿਆ ਦੱਸਦੇ ਹਨ ਤਾਂ ਆਰਜ਼ੀ ਬੈਲਟ ਮੰਗੋ ਜੋ ਕਿ ਸਥਾਈ ਵੋਟ ਹੈ ਪਰ ਚੋਣ ਤੋਂ ਬਾਅਦ ਚੋਣ ਅਧਿਕਾਰੀ ਵੱਲੋਂ ਯੋਗਤਾ ਜਾਂਚਣ ਬਾਦ ਗਿਣੀ ਜਾਵੇਗੀ ਜਾਂ, ਚੋਣ ਦਿਵਸ 'ਤੇ ਵੋਟਰ ਲਈ ਬਣਾਈ ਸੁਰੱਖਿਆ ਹੌਟਲਾਈਨ ਨੂੰ ਕਾਲ ਕਰੋ

• 866-OUR-VOTE (866-687-8683) ਅੰਗਰੇਜ਼ੀ ਵਿੱਚ ਸਹਾਇਤਾ ਲਈ

• 888-API-VOTE (888-274-8683) ਅੰਗਰੇਜ਼ੀ ਅਤੇ ਏਸ਼ਿਆਈ ਭਾਸ਼ਾਵਾਂ ਵਿੱਚ ਸਹਾਇਤਾ ਲਈ

• 888-Ve-Y-Vota (888-839-8682) NALEO ਐਜੂਕੇਸ਼ਨਲ ਫੰਡ ਟੋਲ-ਫਰੀ ਦੋਭਾਸ਼ੀ ਅੰਗਰੇਜ਼ੀ-ਸਪੈਨਿਸ਼ ਹੌਟਲਾਈਨ

### ਕੀ ਮੈਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਵੀ ਵੋਟ ਪਾ ਸਕਾਂਗਾ?

ਭਾਸ਼ਾ ਸਹਾਇਤਾ ਹਰ ਕਾਉਂਟੀ ਲਈ  ਵੱਖਰੀ ਹੈ। ਚੋਣ ਵਾਲੇ ਦਿਨ ਵੋਟਿੰਗ ਸਥਾਨ 'ਤੇ ਪੁੱਛੋ ਕਿ ਤੁਹਾਡੀ ਪਸੰਦੀਦਾ ਭਾਸ਼ਾ ਵਿਚ ਅਨੁਵਾਦ ਕੀਤੀ ਗਈ ਸਮੱਗਰੀ ਉਪਲਬਧ ਹੈ ਅਤੇ ਜੇਕਰ ਸਟਾਫ ਮੌਜੂਦ ਹੈ ਤਾਂ ਤੁਹਾਡੀ ਪਸੰਦੀਦਾ ਭਾਸ਼ਾ ਬੋਲਦਾ ਹੈ ਕਿ ਨਹੀਂ । ਕੁਝ ਭਾਸ਼ਾਵਾਂ ਜਿਨ੍ਹਾਂ ਵਿੱਚ ਤੁਹਾਡੀ ਕਾਉਂਟੀ ਸੰਭਾਵੀ ਤੌਰ 'ਤੇ ਤੁਹਾਡੀ ਮਦਦ ਕਰ ਸਕਦੀ ਹੈ: ਚੀਨੀ, ਫਿਲੀਪੀਨੋ / ਤਾਗਾਲੋਗ, ਹਮੌਂਗ, ਇਲੋਕਾਨੋ, ਕੋਰੀਅਨ, ਪੰਜਾਬੀ, ਸਪੈਨਿਸ਼, ਵੀਅਤਨਾਮੀ।


ASIAN AMERICANS ADVANCING JUSTICE CALIFORNIA

**ਏਸ਼ੀਅਨ ਅਮਰੀਕਨ ਐਡਵਾਂਸਿੰਗ ਜਸਟਿਸ - ਕੈਲੀਫੋਰਨੀਆ:** ਏਸ਼ੀਅਨ ਅਮਰੀਕਨ, ਲੈਟਿਨੋ ਅਤੇ ਇਮੀਗ੍ਰੈਂਟ ਦੇ ਵੋਟਿੰਗ ਅਧਿਕਾਰਾਂ ਦੀ ਰੱਖਿਆ ਕਰਦਾ ਹੈ।

**ਏਸ਼ੀਅਨ ਅਮਰੀਕਨ ਐਡਵਾਂਸਿੰਗ ਜਸਟਿਸ - ਏਸ਼ੀਅਨ ਲਾਅ ਕਾੱਕਸ:** 55 ਕੋਲੰਬਸ ਐਵਨਿਊ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94111; www.advancingjustice-alc.org (415) 896-1701; ਜੋਨਾਥਨ ਸਟਿਨ, ਸਟਾਫ ਅਟਾਰਨੀ ਅਤੇ ਪ੍ਰੋਗਰਾਮ ਮੈਨੇਜਰ, ਵੋਟਿੰਗਰਾਈਟਸ ਪ੍ਰੋਗਰਾਮ:jonathans@advancingjustice-alc.org

**ਏਸ਼ੀਆਈ ਅਮਰੀਕਨ ਐਡਵਾਂਸਿੰਗ ਜਸਟਿਸ - ਲੌਸ ਐਂਜਲਸ:** 1145 ਵਿਲਸ਼ਰ ਬਲਵੀਡ, ਲੌਸ ਐਂਜਲਸ, ਕੈਲੀਫੋਰਨੀਆ 90017 www.advancingjustice-la.org (213) 977-7500; ਡੈਨਾ ਕਿਟਾਮੁਰਾ, ਪ੍ਰਾਜੈਕਟ ਡਾਇਰੈਕਟਰ, ਵੋਟਿੰਗ ਰਾਈਟਸ ਪ੍ਰਾਜੈਕਟ: dkitamura@advancingjustice-alc.org


**ਸਹਾਇਤਾ ਲਈ ਕੈਲੀਫੋਰਨੀਆ ਦੇ ਮੁੱਖ ਚੋਣ ਅਫਸਰਾਂ ਨੂੰ ਕਾਲ ਕਰਨ ਲਈ ਨੰਬਰ: 800-345-VOTE (8683).**